ਪੋੜੀ 22-26

ਕੇਂਦਰੀ ਭਾਵ: ਬੇਸ਼ੁਮਾਰ, ਬੇਅੰਤ, ਅਮੁੱਲ, ਅਕੱਥ ...

ਧਰਤੀ, ਆਕਾਸ਼ ਜਿਸ ਉਤੇ ਅਤੇ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਇਹੋ ਜਿਹੀ ਧਰਤੀ ਆਕਾਸ਼ ਸਿਰਫ ਇਕ ਇਹ ਹੀ ਨਹੀਂ ਹੈ, ਇਹੋ ਜਿਹੇ ਹੋਰ ਵੀ ਧਰਤੀ ਆਕਾਸ਼ ਹਨ ਜੋ ਕਿ ਲਖੇ ਨਹੀਂ ਜਾ ਸਕਦੇ। ਉਹ ਅਸੀਮ ਸਰਬੱਤਰ ਭਰਪੂਰ ਹੈ। ਮਨੁੱਖ ਉਸ ਨੂੰ ਆਪਣੀ ਅਕਲ ਨਾਲ ਲੱਭਣ ਵਿੱਚ ਅਸਮਰਥ ਹੈ। ਜਿਹੜੇ ਵੀ ਉਸ ਪ੍ਰਮਾਤਮਾ ਨੂੰ ਲੱਭਣ ਗਏ ਉਹ ਆਪਣੇ ਆਪ ਵਿੱਚ ਵਿਲੀਨ ਹੋ ਗਏ ਪਰ ਉਸ ਪ੍ਰਮਾਤਮਾ ਨੂੰ ਨਹੀਂ ਲੱਭ ਸਕੇ। ਮਨੁੱਖ ਪ੍ਰਮਾਤਮਾ ਨੂੰ ਆਪਣੀ ਚਤੁਰਾਈ ਨਾਲ ਜਾਲ ਵਿੱਚ ਫਸਾਉਣ ਦੀ ਕੋਸ਼ਿਸ਼ ਕਰਦਾ ਹੈ। ਜਿਤਨੀ ਜਿਆਦਾ ਫੜਨ ਦੀ ਕੋਸ਼ਿਸ਼ ਕਰਦਾ ਹੈ, ਉਨਾਂ ਹੀ ਖਾਲੀ ਹੱਥ ਵਾਪਸ ਆਂਉਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਜਿਹੜੇ ਵੀ ਉਸ ਪ੍ਰਮਾਤਮਾ ਨੂੰ ਲੱਭਣ ਗਏ ਉਹ ਆਖ਼ਿਰਕਾਰ ਥੱਕ ਕੇ ਛੱਡ ਗਏ, ਮਾਯੂਸ ਹੋ ਗਏ।

ਇਹ ਬੇਅੰਤ ਪਸਾਰਾ ਜਿਸ ਵਿੱਚ ਬੇਸ਼ੁਮਾਰ ਆਕਾਰ ਹਨ ਪਰ ਦਰ ਅਸਲ ਇਕੋ ਤਾਕਤ ਇਹਨਾਂ ਦੇ ਪਿਛੇ ਕੰਮ ਕਰ ਰਹੀ ਹੈ। ਮਨੁੱਖ ਉਸ ਅਨੰਤ ਨੂੰ ਲਫ਼ਜਾਂ ਨਾਲ ਸਮਝਾਉਣਾ ਚਾਹੁੰਦਾ ਹੈ। ਕਿਹੜੇ ਅਖ਼ਰਾਂ ਨਾਲ ਉਸ ਅਪਰੰਪਰ ਦੀ ਤੁਲਨਾ ਕੀਤੀ ਜਾਏ, ਕਿਥੇ ਮਨੁੱਖ ਦੀ ਤੁੱਛ ਅਕਲ ਅਤੇ ਕਿਥੇ ਅਥਾਹ ਪਸਾਰਾ? ਕੁਝ ਵੀ ਉਸ ਪ੍ਰਮਾਤਮਾ ਬਾਰੇ ਲਿਖਿਆ ਨਹੀਂ ਜਾ ਸਕਦਾ ਕਿਉਂਕਿ ਲਿਖਿਆ ਹੋਇਆ ਮਿਟ ਜਾਂਦਾ ਹੈ ਜਦੋਂ ਕਿ ਸੱਚਾਈ ਸਦਾ ਕਾਇਮ ਰਹਿੰਦੀ ਹੈ। ਕਿ ਮਨੁੱਖ ਪ੍ਰਮਾਤਮਾ ਨੂੰ ਸ਼ਾਸਤਰਾਂ ਨਾਲ ਸਮਝਾ ਸਕਦਾ ਹੈ?

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਬਿਲਕੁਲ ਨਹੀਂ। ਮਨੁੱਖ ਸਿਰਫ਼ ਲਫ਼ਜ ਅਤੇ ਨਜ਼ਰਿਆ ਲੱਭ ਸਕਦਾ ਹੈ, ਸੱਚਾਈ ਨਹੀਂ।

ਮਨੁੱਖ ਸੱਚਾਈ ਕਿਥੋਂ ਪ੍ਰਾਪਤ ਕਰੇ?

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਸੱਚਾਈ ਸਿਰਫ਼ ਇਕੋ ਤਰੀਕੇ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ ਕਿ ਉਸ ਪ੍ਰਮਾਤਮਾ ਨੂੰ ਜਾਣ ਲਉ। ਉਹ ਕਿਤਨਾ ਵੱਡਾ ਮਹਾਨ ਹੈ ਉਹ ਆਪ ਹੀ ਜਾਣਦਾ ਹੈ। ਮਨੁੱਖ ਉਸ ਤੋਂ ਦੂਰ ਰਹਿ ਕੇ ਉਸਨੂੰ ਜਾਣ ਨਹੀਂ ਸਕਦਾ। ਜਦੋਂ ਮਨੁੱਖ ਆਪਣੇ ਆਪ ਨੂੰ ਪ੍ਰਮਾਤਮਾ ਵਿੱਚ ਡੋਬ ਲੈਂਦਾ ਹੈਂ ਤਾਂ ਉਹ ਉਸਨੂੰ ਜਾਣ ਲੈਂਦਾ ਹੈ।

ਡੁੱਬਣ ਤੋਂ ਭਾਵ ਹੈ ਆਪਾ ਮਾਰਨਾ ਜਿਸਦੀ ਵਿਚਾਰ ਅਸੀਂ ਪੋੜੀ 2 ਅਤੇ 21 ਵਿੱਚ ਕਰ ਆਏ ਹਾਂ। ਮਨੁੱਖ ਨੂੰ ਪ੍ਰਮਾਤਮਾ ਨਾਲ ਇਕ ਮਿਕ ਇਵੇਂ ਹੋਣਾ ਪਵੇਗਾ ਜਿਵੇਂ ਨਦੀਆਂ, ਨਾਲੇ ਸਮੁੰਦਰ ਵਿੱਚ ਮਿਲ ਕੇ ਹੋ ਜਾਂਦੇ ਹਨ। ਸਲਾਹਣ-ਯੋਗ ਪ੍ਰਮਾਤਮਾ ਦੀਆਂ ਵਡਿਆਈਆਂ ਆਖ ਆਖ ਕੇ ਕਿਸੇ ਮਨੁੱਖ ਨੇ ਇਤਨੀ ਸਮਝ ਨਹੀਂ ਪਾਈ ਕਿ ਉਹ ਕੇਡਾ ਵੱਡਾ ਹੈ।

ਪ੍ਰਮਾਤਮਾ ਦੇ ਸਿਮਰਨ ਤੋਂ ਬਿਨਾਂ ਮਹਾਨ ਬਾਦਸ਼ਾਹ ਵੀ ਛੋਟੇ ਤੋਂ ਛੋਟਾ ਹੋ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਪ੍ਰਮਾਤਮਾ ਦੀ ਯਾਦ ਹੀ ਸੱਭ ਤੋ ਵੱਡੀ ਪੂੰਜੀ ਹੈ ਅਤੇ ਵਿਸਾਰਨਾ ਸੱਭ ਤੋ ਵੱਡੀ ਗਰੀਬੀ ਹੈ।

ਪ੍ਰਮਾਤਮਾ ਦੀ ਮਹਾਨਤਾ ਦਾ ਕੋਈ ਹੱਦ ਬੰਨਾ ਨਹੀਂ ਹੈ। ਮਨੁੱਖ ਪ੍ਰਮਾਤਮਾ ਬਾਰੇ ਜੋ ਕੁਝ ਵੀ ਆਖਦਾ ਹੈ ਇਤਨਾ ਛੋਟਾ ਹੈ ਕਿ ਉਹ ਆਪਣੀ ਨਿਰੀ ਅਸਮਰਥਤਾ ਦਰਸਾਉਂਦਾ ਹੈ। ਮਨੁੱਖ ਨੂੰ ਪ੍ਰਮਾਤਮਾ ਦੀ ਮਹਾਨਤਾ ਦੀ ਸਮਝ ਉਸ ਸਮੇਂ ਪੈਂਦੀ ਹੈ ਜਦੋਂ ਉਸ ਨੂੰ ਆਪਣੀ ਨਿਗੁਣਤਾ ਦਾ ਅਹਿਸਾਸ ਹੁੰਦਾ ਹੈ।

ਮਨੁੱਖ ਪ੍ਰਮਾਤਮਾ ਨੂੰ ਨਾਪ ਨਹੀਂ ਸਕਦਾ ਕਿਉਂਕਿ ਉਹ ਉਸਦਾ ਹੀ ਅੰਸ਼ ਹੈ। ਇਕ ਅੰਸ਼ ਪੂਰੇ ਨੂੰ ਕਿਵੇਂ ਜਾਣ ਸਕਦਾ ਹੈ? ਜੇ ਅਸੀਂ ਪ੍ਰਮਾਤਮਾ ਤੋਂ ਵੱਖ, ਜੁਦਾ ਹੁੰਦੇ ਤਾਂ ਅਸੀਂ ਉਸਦੇ ਗਿਰਦ ਘੁੰਮ ਕੇ ਉਸਦੀ ਤਫ਼ਤੀਸ਼ ਕਰਦੇ? ਪਰੰਤੂ ਅਸੀਂ ਉਸਦੇ ਹੀ ਸੁਆਸ, ਧੜਕਨ ਅਤੇ ਹਿੱਸਾ ਹਾਂ! ਅਸੀਂ ਉਸਦੇ ਆਲੇ ਦੁਆਲੇ ਕਿਵੇਂ ਜਾ ਸਕਦੇ ਹਾਂ? ਅਸੀਂ ਉਸ ਨੂੰ ਕਿਵੇਂ ਗਰਿਫ਼ਤ ਵਿੱਚ ਲੈ ਸਕਦੇ ਹਾਂ? ਮਨੁੱਖ ਪ੍ਰਮਾਤਮਾ ਦੇ ਇਸ ਵਿਸ਼ਾਲ ਪਸਾਰੇ ਵਿੱਚ ਇਕ ਜ਼ਰ੍ਰੇ, ਬੂੰਦ ਬਰਾਬਰ ਹੈ। ਇਕ ਬੂੰਦ ਸਾਗਰ ਨੂੰ ਕਿਵੇਂ ਜਾਣ ਸਕਦੀ ਹੈ।

ਅਸੀਂ ਪ੍ਰਮਾਤਮਾ ਨੂੰ ਵੇਖ ਨਹੀਂ ਸਕਦੇ ਕਿਉਂਕਿ ਉਹ ਨਿਰਾਕਾਰ ਹੈ, ਪਰ ਕ੍ਰਿਤ ਵੇਖ ਸਕਦੇ ਹਾਂ। ਕ੍ਰਿਤ ਵੇਖ ਵੀ ਅਸੀਂ ਪ੍ਰਮਾਤਮਾ ਦੀ ਮੋਜੂਦਗੀ ਨੂੰ ਨਾਕਾਰ ਦੇਂਦੇ ਹਾਂ। ਫੁੱਲ ਖਿੜਦਾ ਹੈ, ਕੋਈ ਗੁੱਝੀ ਸ਼ਕਤੀ ਵਿਆਪ ਰਹੀ ਹੈ, ਨਹੀਂ ਤਾਂ ਇਹ ਕਿਵੇਂ ਹੋ ਸਕਦਾ ਹੈ? ਸਾਰਾ ਬ੍ਰਹਿਮੰਡ ਨਿਰੰਤਰ ਗਤੀਮਾਨ ਹੈ, ਕਿਹੜੀ ਤਾਕਤ ਚਲਾ ਰਹੀ ਹੈ? ਸਾਡੇ ਚੋਟ, ਜ਼ਖ਼ਮ ਗੁਪਤ ਤਰੀਕੇ ਨਾਲ ਭਰ ਜਾਂਦੇ ਹਨ, ਕੌਣ ਇਲਾਜ ਕਰਦਾ ਹੈ?

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਪ੍ਰਮਾਤਮਾ ਦਾ ਹੁਕਮ ਵਰਤ ਰਿਹਾ ਹੈ। ਹੁਕਮ ਤੋਂ ਭਾਵ ਹੈ ਕਿ ਸਾਰਾ ਬ੍ਰਹਿਮੰਡ ਪ੍ਰਮਾਤਮਾ ਦੀ ਆਗਿਆ ਵਿੱਚ ਹੈ, ਬੇਤਰਤੀਬ ਨਹੀਂ ਹੈ। ਇਥੇ ਬੇਕਾਇਦਾ ਕੁਝ ਵੀ ਨਹੀਂ ਵਾਪਰ ਰਿਹਾ। ਸਭ ਕੁਝ ਪ੍ਰਮਾਤਮਾ ਦੀ ਆਗਿਆ ਵਿੱਚ ਹੈ, ਹਰ ਇਕ ਵਾਕਿਆ ਪਿਛੇ ਕੋਈ ਪ੍ਰਯੋਜਨ ਹੈ।

ਪ੍ਰਮਾਤਮਾ ਦੀ ਦਾਤਾਂ ਵੀ ਬੇਅੰਤ ਹਨ। ਮਨੁੱਖ ਜੋ ਵੀ ਪਾਉਂਦਾ ਹੈ ਉਹ ਪ੍ਰਮਾਤਮਾ ਦੀ ਰਹਿਮਤ ਨਾਲ ਨਾਂ ਕਿ ਆਪਣੀ ਮਿਹਨਤ ਨਾਲ। ਇਸਦਾ ਮਤਲਬ ਇਹ ਨਹੀਂ ਕਿ ਅਸੀਂ ਉਪਰਾਲੇ ਕਰਨੇ ਛੱਡ ਦੇਣੇ ਹਨ, ਪਰ ਆਪਣੀ ਨਿਪੁੰਨਤਾ ਤੇ ਬਹੁਤਾ ਭਰੋਸਾ ਨਹੀਂ ਕਰਨਾ। ਕੋਸ਼ਿਸ਼ ਕਰੋ, ਪਰ ਯਾਦ ਰਖੋ ਨਤੀਜਾ ਪ੍ਰਮਾਤਮਾ ਦੀ ਰਹਿਮਤ ਤੇ ਨਿਰਭਰ ਹੈ। ਜੇ ਤੁਸੀਂ ਆਪਣੀ ਮਿਹਨਤ ਤੇ ਭਰੋਸਾ ਕੀਤਾ ਤਾਂ ਇਹ ਤੁਹਾਡੇ ਹਉਮੈਂ ਨੂੰ ਮਜਬੂਤ ਕਰੇਗਾ। ਜੇ ਜਤਨਾਂ ਦੇ ਨਾਲ-ਨਾਲ ਹਉਮੈਂ ਚਲੇਗੀ ਤਾਂ ਇਹ ਹੋਰ ਪ੍ਰਬਲ ਹੋ ਜਾਏਗੀ ਤਾਂ ਤੁਸੀਂ ਜੋ ਵੀ ਕਰੋਗੇ ਇਹ ਮਹਿਸੂਸ ਕਰੋਗੇ ਕਿ ਮੈਂ ਕਰ ਰਿਹਾ ਹਾਂ, ਮੇਰੇ ਕੋਲ ਜਾਣਕਾਰੀ ਹੈ, ਕਲਾ ਹੈ; ਮੈ ਜਪ ਕੀਤਾ ਹੈ, ਤਪ ਕੀਤਾ ਹੈ, ਰਹੱਸਪੂਰਨ ਤਾਕਤਾਂ ਹਾਸਿਲ ਕੀਤੀਆਂ ਹਨ। ਜੇ ਇਹ ਅਹੰਕਾਰ ਸਮੇਂ ਰਹਿੰਦੇ ਖ਼ਤਮ ਨਾ ਹੋਇਆ ਤਾਂ ਤੁਸੀਂ ਬਹੁਤੇ ਦਰ ਖੋਲ ਲਉਗੇ ਪਰ ਆਖ਼ਰੀ ਨਹੀਂ। ਤੁਹਾਡੇ ਸਾਰੇ ਕੀਤੇ ਜਤਨ ਬਰਬਾਦ ਹੋ ਜਾਣਗੇ। ਜਦੋਂ ਮਨੁੱਖ ਪ੍ਰਮਾਤਮਾ ਦੀ ਰਹਿਮਤ ਵੇਖਣ ਦੇ ਲਾਇਕ ਹੋ ਜਾਂਦਾ ਹੈ, ਤਾਂ ਇਕ ਨਵੀਂ ਮਗਨਤਾ ਦਾ ਜਨਮ ਹੁੰਦਾ ਹੈ। ਦਰਅਸਲ ਇਕ ਧਾਰਮਿਕ ਮਨੁੱਖ ਧੰਨਵਾਦ ਨਾਲ ਝੂਮ ਉਠਦਾ ਹੈ, ਪਰਮ ਅਨੰਦ ਨਾਲ ਭਰ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਜ਼ੋਰਦਾਰ ਜਤਨ ਕਰੋ ਇਹ ਯਾਦ ਰੱਖਦੇ ਹੋਏ ਕਿ ਮਿਹਨਤ ਦਾ ਫਲ ਪ੍ਰਮਾਤਮਾ ਦੀ ਰਹਿਮਤ ਨਾਲ ਮਿਲੇਗਾ। ਇਸ ਲਈ ਗੁਰੂ ਨਾਨਕ ਸਾਹਿਬ ਬਾਰ-ਬਾਰ ਦੁਹਰਾਉਂਦੇ ਹਨ ਕਿ ਪ੍ਰਮਾਤਮਾ ਦੀ ਰਹਿਮਤ ਉਹਨਾਂ ਤੇ ਹੁੰਦੀ ਹੈ ਜਿਹੜੇ ਪ੍ਰਮਾਤਮਾ ਦੀ ਰਹਿਮਦਿਲੀ ਦੀ ਨਜ਼ਰ ਵਿੱਚ ਆ ਜਾਂਦੇ ਹਨ। ਪ੍ਰਮਾਤਮਾ ਦੀ ਰਹਿਮਦਿਲੀ ਉਹਨਾਂ ਤੇ ਡੁੱਲਦੀ ਹੈ ਜਿਹੜੇ ਜਤਨਾ ਨਾਲ ਆਪਣੇ ਆਪ ਇਸ ਲਾਇਕ ਬਣਾ ਲੈਂਦੇ ਹਨ।

ਕਿ ਪ੍ਰਮਾਤਮਾ ਵੀ ਪੱਖਪਾਤ ਕਰਦਾ ਹੈ, ਬੇਇਨਸਾਫ਼ੀ ਵਿੱਚ ਸ਼ਾਮਲ ਹੁੰਦਾ ਹੈ? ਕੁਝ ਮਤਲਬ ਨਹੀਂ ਰਹਿ ਜਾਏਗਾ ਕਿ ਇਕ ਪਾਪੀ ਪ੍ਰਮਾਤਮਾ ਦੀ ਰਹਿਮਤ ਹਾਸਿਲ ਕਰੇ ਅਤੇ ਧਰਮੀ ਵਾਂਝਾ ਰਹਿ ਜਾਏ। ਨਹੀਂ, ਰਹਿਮਦਿਲੀ ਨਜ਼ਰ ਦਾ ਇਹ ਮਤਲਬ ਨਹੀਂ ਹੈ। ਇਹ ਵੀ ਨਹੀਂ ਹੈ ਕਿ ਪ੍ਰਮਾਤਮਾ ਆਪਣੀ ਮਰਜ਼ੀ ਨਾਲ ਚੁਣ ਲੈਂਦਾ ਹੈ, ਖ਼ੁਸ਼ਾਮਦੀਆ ਦੀ ਤਰਫ਼ਦਾਰੀ ਕਰਦਾ ਹੈ ਜਿਹੜੇ ਉਸਦੀ ਮਹਿਮਾਂ ਦਾ ਗੁਣਗਾਣ ਕਰਦੇ ਹਨ।

ਪ੍ਰਮਾਤਮਾ ਦੇ ਰਹਿਮਤ ਦੀ ਵਰਖਾ ਸਭ ਤੇ ਹੈ, ਪਰ ਕਈਆਂ ਦੇ ਇਖ਼ਲਾਕ ਦੀ ਪਾਤਰਤਾ ਉਲਟੀ ਹੈ, ਇਸ ਲਈ ਉਹ ਕਦੇ ਭਰਦੇ ਨਹੀਂ। ਜੇ ਮਨੁੱਖ ਦੇ ਇਖ਼ਲਾਕ ਦੀ ਪਾਤਰਤਾ ਸਿੱਧੀ ਹੋਵੇ, ਤਾਂ ਉਹ ਜ਼ਰੂਰ ਭਰ ਜਾਏਗੀ। ਇਹ ਨਾ ਸਮਝਣਾ ਕਿ ਸਿੱਧੇ ਆਚਰਣ ਕਾਰਨ ਰਹਿਮਤ ਦੀ ਵਰਖਾ ਹੋ ਰਹੀ ਹੈ! ਰਹਿਮਤ ਦੀ ਵਰਖਾ ਸਦਾ ਹੋ ਰਹੀ ਹੈ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਪ੍ਰਮਾਤਮਾ ਦੇ ਰਹਿਮਤ ਨਾਲ ਪਾਤਰਤਾ ਤਾਂ ਹੀ ਭਰੇਗੀ ਜੇ ਮਨੁੱਖ ਜਤਨ ਕਰਕੇ ਆਪਣੇ ਜੀਵਨ ਇਖ਼ਲਾਕ ਦੇ ਪਾਤਰ ਨੂੰ ਸਹੀ ਥਾਂ ਅਤੇ ਸਿੱਧਾ ਰਖੇ। ਪ੍ਰਮਾਤਮਾ ਦੇ ਰਹਿਮਤ ਦੀ ਵਰਖਾ ਸਭ ਤੇ ਨਿਰੰਤਰ ਹੋ ਰਹੀ ਹੈ। ਮਨੁੱਖ ਹੀ ਸਿੱਧਾ ਨਹੀਂ ਖੜਿਆ ਪ੍ਰਾਪਤ ਕਰਨ ਵਾਸਤੇ ਜਾਂ ਵਲ-ਛਲ ਅਤੇ ਪਲਟਣ ਕਾਰਨ ਉਹ ਸਰਕ ਜਾਂਦੀ ਹੈ। ਜੇ ਮਨੁੱਖ ਪ੍ਰਮਾਤਮਾ ਦੀ ਰਹਿਮਤ ਤੋਂ ਮਹਿਰੂਮ ਹੈ ਤਾਂ ਨਿਹਸੰਦੇਹ ਉਹ ਗਲਤ ਹੈ; ਜੇ ਕੁਝ ਹਾਸਿਲ ਕੀਤਾ ਹੈ, ਤਾਂ ਸਿਰਫ਼ ਪ੍ਰਮਾਤਮਾ ਦੀ ਰਹਿਮਤ ਨਾਲ। ਇਸ ਤਰੀਕੇ ਨਾਲ ਹਉਮੇ ਨਹੀਂ ਵਧਦੀ ਕਿਉਂਕਿ ਕੋਈ ਜਗ੍ਹਾ ਹੀ ਨਹੀਂ ਬਚਦੀ ਉਸਨੂੰ ਪਸਰਨ ਨੂੰ, ਇਥੋਂ ਤਕ ਕੀ ਰਹਿਣ ਨੂੰ। ਜਿਸ ਮਨੁੱਖ ਵਿੱਚ ਹਉਮੈਂ ਨਹੀਂ ਹੈ ਪ੍ਰਮਾਤਮਾ ਉਸਦੇ ਨਾਲ ਹੈ।

ਪ੍ਰਮਾਤਮਾ ਦੀ ਰਹਿਮਤਾਂ ਇਤਨੀ ਜਿਆਦਾ ਹਨ ਕਿ ਲਿਖਤ ਵਿੱਚ ਨਹੀਂ ਆ ਸਕਦੀਆਂ। ਮਨੁੱਖ ਵੀ ਰਹਿਮਦਿਲ ਹੁੰਦਾ ਹੈ ਪਰ ਉਸਦੀ ਰਹਿਮਦਿਲੀ ਪਿਛੇ ਕੁਝ ਖ਼ਾਹਸ਼ਾਂ ਹੁੰਦੀਆਂ ਹਨ। ਜੇ ਉਹ ਇਕ ਰੁਪਿਆ ਦਾਨ ਕਰਦਾ ਹੈ ਉਹ ਇਸ ਉਮੀਦ ਵਿੱਚ ਕਿ ਮੈਨੂੰ ਜੰਨਤ ਵਿੱਚ ਜਗਾਂ ਮਿਲ ਜਾਏ-ਜੇ ਜੰਨਤ ਵਿੱਚ ਨਹੀਂ ਤਾਂ ਪੜੋਸੀਆਂ, ਦੋਸਤਾਂ ਦੀ ਨਜ਼ਰ ਵਿੱਚ ਪ੍ਰਤਿਸ਼ਠਾ ਮਿਲ ਜਾਏ। ਅੰਹਕਾਰ ਜਾਂ ਲੋਭ ਵਸ ਹੋ ਕੇ ਕੀਤਾ ਦਾਨ-ਪੁੰਨ ਲਾਹੇਵੰਦ ਨਹੀਂ ਹੁੰਦਾ। ਜੇ ਮਨੁੱਖ ਦਾਨ-ਪੁੰਨ ਦੇ ਇਵਜ ਵਿੱਚ ਕੁਝ ਚਾਹੁੰਦਾ ਹੈ ਤਾਂ ਉਹ ਵਾਪਾਰਿਕ ਸੌਦਾ ਹੈ। ਪ੍ਰਮਾਤਮਾ ਦੀ ਦਾਤਾਂ ਮਨੁੱਖਾਂ ਵਾਂਗੂ ਨਹੀਂ ਹੁੰਦੀਆਂ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਪ੍ਰਮਾਤਮਾ ਦਾਤਾਂ ਦੇ ਇਵਜ ਵਿੱਚ ਕੁਝ ਨਹੀਂ ਚਾਹੁੰਦਾ। ਪ੍ਰਮਾਤਮਾ ਦੀ ਦਾਤਾਂ ਬੇ ਸ਼ਰਤ ਹੁੰਦੀਆਂ ਹਨ।

ਲੋਕ ਦਾਤਾਂ ਮੰਗਦੇ ਹਨ ਅਤੇ ਦਾਤਾਰ ਵੰਡੀ ਜਾਂਦਾ ਹੈ। ਮਨੁੱਖ ਜੋ ਕੁਝ ਮੰਗਦਾ ਹੈ ਉਹੋ ਮਿਲ ਜਾਂਦਾ ਹੈ। ਪ੍ਰਮਾਤਮਾ ਮਨੁੱਖ ਦੀ ਅਜ਼ਾਦੀ ਵਿੱਚ ਵਿੱਘਨ ਨਹੀਂ ਪਾਉਂਦਾ ਉਹ ਜੋ ਚਾਹੇ ਚੁਣ ਸਕਦਾ ਹੈ। ਮਨੁੱਖ ਵਿਕਾਰੀ ਜੀਵਨ ਵੀ ਗੁਜ਼ਾਰ ਸਕਦਾ ਹੈ, ਜਾਂ ਪ੍ਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ।

ਬਹੁਤੇਰਿਆਂ ਦੀਆਂ ਖ਼ਾਹਸ਼ਾਂ ਪੂਰੀਆਂ ਹੋ ਜਾਂਦੀਆਂ ਹਨ, ਪਰ ਫੇਰ ਵੀ ਮੁੱਕਰ ਜਾਂਦੇ ਹਨ। ਉਹ ਕਹਿੰਦੇ ਹਨ ਇਹ ਇਤਫ਼ਾਕ ਹੈ, ਇਹ ਤਾਂ ਹੋਣਾਂ ਹੀ ਸੀ। ਬਹੁਤੇਰੇ ਇਨਾਂ ਵੀ ਨਹੀਂ ਕਹਿੰਦੇ, ਉਹ ਭੁੱਲ ਜਾਂਦੇ ਹਨ ਕਿ ਅਸੀਂ ਕੁਝ ਮੰਗਿਆ ਵੀ ਸੀ।

ਬਹੁਤੇਰਿਆਂ ਉਤੇ ਭੁੱਖ ਦੀ ਮਾਰ ਹੈ, ਪਰ ਫੇਰ ਵੀ ਉਹ ਪ੍ਰਮਾਤਮਾ ਨੂੰ ਯਾਦ ਨਹੀਂ ਕਰਦੇ। ਸਾਡੇ ਦੁਖਾਂ ਦਾ ਕਾਰਨ ਸਾਡੀਆਂ ਖ਼ਾਹਸ਼ਾਂ ਹਨ, ਪਰ ਅਸੀਂ ਇਹਨਾਂ ਨੂੰ ਜੋੜ ਕੇ ਨਹੀਂ ਵੇਖਦੇ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਤਕਲੀਫ਼ਾਂ ਦੇ ਅੰਤ ਪਾਉਣ ਦਾ ਇਕੋ ਤਰੀਕਾ ਹੈ ਕਿ ਪ੍ਰਮਾਤਮਾ ਦੀ ਰਜ਼ਾ ਨੂੰ ਮੰਨਣਾ।

ਹਰ ਕੋਈ ਭੁੱਲਣਹਾਰ ਜਾਂ ਨਾਸ਼ੁਕਰਾ ਨਹੀਂ ਹੈ, ਉਹ ਕਹਿੰਦੇ ਹਨ ਕਿ ਪ੍ਰਮਾਤਮਾ ਆਪ ਹੀ ਜਾਣਦਾ ਹੈ ਅਤੇ ਆਪ ਹੀ ਦੇਂਦਾ ਹੈ।

ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਹੀ ਮਨੁੱਖ ਪ੍ਰਮਾਤਮਾ ਦੀ ਸਿਫ਼ਤ ਕਰ ਸਕਦਾ ਹੈ। ਸੱਚ ਹੀ ਮਨੁੱਖ ਉਸ ਸਮੇਂ ਹੀ ਪ੍ਰਮਾਤਮਾ ਦੀ ਭਾਲ ਵਿੱਚ ਜਾਂਦਾ ਹੈ ਜਦੋਂ ਪ੍ਰਮਾਤਮਾ ਹੀ ਉਸਦੇ ਦਰਵਾਜ਼ੇ ਤੇ ਦਸਤਕ ਦੇਂਦਾ ਹੈ। ਮਨੁੱਖ ਕਿਵੇਂ ਆਪਣੇ ਆਪ ਪ੍ਰਮਾਤਮਾ ਦੀ ਖੋਜ ਵਿੱਚ ਜਾ ਸਕਦਾ ਹੈ? ਮਨੁੱਖ ਨੂੰ ਕਿਵੇਂ ਪ੍ਰਮਾਤਮਾ ਦੀ ਖੋਜ, ਉਸਦਾ ਸਿਮਰਨ, ਉਸਦੀ ਸਿਫ਼ਤ ਦਾ ਖਿਆਲ ਆ ਸਕਦਾ ਹੈ ਜੇ ਪ੍ਰਮਾਤਮਾ ਦੀ ਰਜ਼ਾ ਨਾ ਹੋਵੇ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਪ੍ਰਮਾਤਮਾ ਆਪਣੇ ਆਪ ਹੀ ਪ੍ਰਭੂ ਮਿਲਣ ਦੀ ਪਿਆਸ ਜਗਾ ਦੇਂਦਾ ਹੈ।

ਮਨੁੱਖ ਪ੍ਰਮਾਤਮਾ ਦੀ ਸਿਫ਼ਤ ਤਾਂ ਹੀ ਕਰ ਸਕਦਾ ਹੈ ਜੇ ਉਸਦੀ ਰਜ਼ਾ ਹੋਵੇ। ਮਨੁੱਖ ਪ੍ਰਮਾਤਮਾ ਨੂੰ ਵੇਖ ਵੀ ਨਹੀਂ ਸਕਦਾ ਜੇ ਉਹ ਉਸਦੀ ਨਜ਼ਰ ਨੂੰ ਸਹਾਰਾ ਨਾ ਦੇਵੇ।ਮਨੁੱਖ ਦੇ ਕਦਮ ਪ੍ਰਮਾਤਮਾ ਦੀ ਰਾਹ ਨਹੀਂ ਚਲ ਸਕਦੇ ਜੇ ਉਹ ਨਾ ਚਲਾਏ। ਮਨੁੱਖ ਪ੍ਰਮਾਤਮਾ ਬਾਰੇ ਵਿਚਾਰ ਨਹੀਂ ਕਰ ਸਕਦਾ ਜੇ ਉਸਦੀ ਰਹਿਮਤ ਨਾ ਹੋਵੇ।

ਗੁਰੂ ਨਾਨਕ ਸਾਹਿਬ ਨੇ ਇਥੇ ਹਉਮੈਂ ਨੂੰ ਜੜ੍ਹ ਤੋਂ ਪੁੱਟ ਸੁਟਿਆ ਹੈ। ਜਿਥੇ ਹਉਮੈਂ ਨਹੀਂ ਹੈ ਉਥੇ ਪ੍ਰਮਾਤਮਾ ਦੇ ਦਰਵਾਜ਼ੇ ਖ਼ੁੱਲ ਜਾਂਦੇ ਹਨ।

ਪ੍ਰਮਾਤਮਾ ਦੇ ਗੁਣ ਅਨਮੋਲ ਹਨ, ਉਹਨਾਂ ਦੀ ਕੀਮਤ ਨਹੀਂ ਪੈ ਸਕਦੀ। ਉਹ ਆਪ ਅਮੁੱਲ ਹੈ, ਉਸਦਾ ਸਭ ਕੁਝ ਅਮੁੱਲ ਹੈ। ਉਸਦੇ ਮੁੱਲ ਦਾ ਅਨੁਮਾਨ ਕਿਸੇ ਤੱਕੜੀ ਜਾਂ ਹੋਰ ਪੈਮਾਨੇ ਨਾਲ ਨਹੀਂ ਲਾਇਆ ਜਾ ਸਕਦਾ। ਮਨੁੱਖ ਕਿਸੇ ਵੀ ਤਰੀਕੇ ਨਾਲ ਇਹ ਅੰਦਾਜ਼ਾ ਨਹੀਂ ਲਗਾ ਸਕਦਾ ਕਿ ਪ੍ਰਮਾਤਮਾ ਕਿ ਹੈ, ਕਿਤਨਾ ਵੱਡਾ ਹੈ, ਕਿਨਾਂ ਫ਼ੈਲਿਆ ਹੋਇਆ ਹੈ। ਜਿਹੜੇ ਵੀ ਉਸਨੂੰ ਮਾਪਣ ਗਏ ਨਾ ਸਿਰਫ਼ ਉਹਨਾਂ ਦੇ ਪੈਮਾਨੇ ਛੋਟੇ ਪੈ ਗਏ, ਟੁੱਟ ਗਏ ਬਲਕਿ ਉਹ ਦਿਮਾਗ਼ ਜੇਹੜੇ ਉਸਨੂੰ ਨਾਪਣ ਗਏ ਸਨ ਉਹ ਵੀ ਚਟਕ ਗਏ।

ਗੁਰੂ ਨਾਨਕ ਸਾਹਿਬ ਫ਼ਰਮਾਉਂਦੇ ਹਨ ਮਨੁੱਖ ਪ੍ਰਮਾਤਮਾ ਨੂੰ ਆਖਰੀ ਸਿੱਟੇ ਤਕ ਵਖਾਣ ਨਹੀਂ ਕਰ ਸਕਦਾ, ਨਾ ਹੀ ਉਸਦੇ ਗੁਣ ਗਿਣੇ ਜਾ ਸਕਦੇ ਹਨ।

ਉਸ ਮਨੁੱਖ ਨੂੰ ਅਗਿਆਨੀ ਸਮਝੋ ਜਿਹੜਾ ਦਾਅਵਾ ਕਰੇ ਕਿ ਮੈ ਪ੍ਰਮਾਤਮਾ ਨੂੰ ਜਾਣ ਲਿਆ ਹੈ। ਜਿਹੜੇ ਵਖਾਣ ਕਰ ਰਹੇ ਹਨ ਉਹ ਕੁਝ ਜਾਣਦੇ ਨਹੀਂ ਜਿਹੜੇ ਜਾਣਦੇ ਹਨ ਉਹ ਵਖਾਣ ਨਹੀਂ ਕਰ ਸਕਦੇ।

ਗੁਰੂ ਨਾਨਕ ਸਾਹਿਬ ਯਾਦ ਦਿਲਾਉਂਦੇ ਹਨ ਕਿ ਪ੍ਰਮਾਤਮਾ ਜਾਂ ਉਸਦੇ ਗੁਣਾਂ ਨੂੰ ਜਾਨਣ ਦਾ ਫ਼ਖ਼ਰ ਨਾ ਕਰੋ ਇਸ ਤੋਂ ਇਹ ਹੀ ਸਾਬਤ ਹੋਇਗਾ ਕਿ ਤੁਸੀਂ ਮਹਾਂ-ਅਗਿਆਨੀ ਹੋ। ਜੇ ਪ੍ਰਮਾਤਮਾ ਦੇ ਲਗਾਤਾਰ ਗੁਣਗਾਣ ਨਾਲ ਮਨੁੱਖ ਦੀ ਹਉਮੈਂ ਖਤਮ ਹੋ ਜਾਂਦੀ ਹੈ ਤਾਂ ਉਹ ਸਿਆਣਿਆਂ ਵਿੱਚੋਂ ਸਿਆਣਾ ਹੈ। ਜੇ ਪ੍ਰਮਾਤਮਾ ਦਾ ਜ਼ਿਕਰ ਕਰਨ ਨਾਲ ਮਨੁੱਖ ਦੀ ਹਉਮੈਂ ਵੱਧਦੀ ਹੈ ਜਾਂ ਉਹ ਸੋਚਦਾ ਹੈ ਕਿ ਮੇਰੇ ਸਿਵਾ ਹੋਰ ਕੌਣ ਜਾਣਦਾ ਹੈ ਤਾਂ ਸਮਝੋ ਉਸ ਦਾ ਦੀਵਾ ਹਾਲੇ ਨਹੀਂ ਬਲਿਆ।

LESSON 22-26

Central Idea: Infinite, Immeasurable, Priceless, Indescribable…

There is not just single infinity; there are infinite infinities. The boundless abounds everywhere. Man is incompetent when he seeks through his intelligence. All those who set out to seek True One's depths were dissolved themselves, while whom they sought remained undiscovered. Man tries to ensnare the True One in the web his maneuvers. The harder he tries to catch him, the emptier he finds his hand.

Guru Nanak says that all those who set out in search ultimately give up, exhausted and frustrated.

The power behind this infinite expanse with infinite forms is essentially one. Man tries to explain the infinite with the help of words. What words are to be used to compare the infinite, where the intelligence of a lowly human being and where the immeasurable expanse? Nothing can be written about the True One, because anything written can be erased whereas truth has remained the same forever. Can a man explain the Infinite through the scriptures?

Guru Nanak says not at all. A man will find mere words and doctrines, not truth.

Where will a man find the truth?

Guru Nanak says there is only one way and that is to know him. He is greatest of the great and alone can know. It means a man cannot stand away from him to know him. When a man drowns himself in True One, then only he can know him.

Drown here means to annihilate ego which we discuss in lessons 2 and 21. A man has to become one with True One in such a way as rivers, rivulets merge in the ocean. No man could be able to grasp how great the True One is even though he continually praises his greatness in different ways.

The greatest of the kings becomes the lowliest of the lowly without the True One's remembrance.

Guru Nanak says the only kind of wealth is his remembrance. The only kind of poverty is to forget him.

There is no end to True One's grandeur. Whatever a man says about it is so little as to show his utter incompetence. The understanding of True One's greatness takes root only when a man realizes how insignificant he is.

A man is not able to measure or understand the True One because he is a part of it. How can a constituent know the whole? Had we been distinct and separate from True One, we could have gone around him and investigated. But we are a part of him; we are his very heartbeat, his breath! How can we go around him? How can we grasp him? A man is a particle of sand in True One's vast expanse, a drop in the ocean. How can a drop know the entire ocean?

We cannot see the True One as he is formless, but we can see his working. After seeing the working we deny the existence of True One whose proof lay all around us. The flower blooms, some invisible force make it happen, or else how can it? The entire universe is moving endlessly, which energy drives it. Our injury, wounds are secretly healed, who cures them?

Guru Nanak calls it True One's hukum, divine order. Hukum means the universe is in an order, not a chaos. Here nothing happen haphazardly. An ordering hand is in everything, providing a purpose behind each event.

The bounties of True one's are infinite. Whatever a man achieve it's not because of his labors but only through True One's grace. Now this does not mean you make no effort, but don't put too much faith in your skill. One must try, but remember that the outcome will depend only upon True One's grace. If you rely only on your own labors, it will strengthen your ego. If the ego runs along with the efforts, it will get more intensified. Then you

feel in whatever you do, I am doing it: I have knowledge, art; I have done meditation, penance, attained mysterious powers. And if this arrogance is not eradicated well in time, you will have opened many doors but not the last. All your efforts will have gone wasted. When a man becomes capable of seeing True One's grace, a new kind of devotion is born. The really religious man dances and sings in utter gratefulness; he is filled with ecstasy.

Guru Nanak says must try in the fullest measure, while remembering that the fruit of the endeavor is attained only through True One's grace. Therefore Guru Nanak repeats over again and again that True One's grace showers only on those who are within his compassionate vision. The compassion descends on those who prepare themselves for it through their efforts.

Does True One too show partiality, associated with such injustices? Things would become meaningless if a sinner might receive True One's grace while a saint is deprived of it. No, this is not the meaning of the compassionate look. It is not that True One chooses someone that suits his whim or fancy, favors those who flatter and sing his praises. It is not that True One chooses someone that suits his whim or fancy, or that he favors those who flatter and sing his praises.

True One's grace showers on all, but there are many whose conduct of life's worthiness is upside down, so they never get filled. If a man's conduct of life's worthiness is upright, it is bound to be filled. Don't imagine that the upright conduct caused the grace to shower! Grace pours all the time.

Guru Nanak says the filling takes place by True One's compassion, but some effort a man has to make – by placing worthiness in a proper position to receive. True One's grace pours on everyone incessantly. It is man who is not standing upright to receive it or in twisting and turning, it slides off. If a man is deprived of grace certainly he is wrong; if he is gaining, it is entirely by True One's grace. This way the ego cannot be fattened, because there is no space within for it to expand – or even to exist. A man who has no ego finds that True One is within him.

True One's compassions are so great it cannot be put into writing. A man too becomes a compassionate, but behind his compassion some desires are hidden. If he donate a Rupee to a beggar he do so with the hope of a return in heaven – if not in heaven, at least his neighbors or friends should be watching so that he rise in their esteem, or gain some respect from them. Charity done under pride and greed are not fruitful. A man expects something in return then it becomes a business deal not a charity. True One does not give the way a man do.

Guru Nanak says he gives but expects nothing in return. True One's charity is unconditional.

People keep asking, and the True One keeps giving. Remember, a man will get whatever he asks for. True One puts no obstacles to man's freedom; he lets you choose whatever you like. A man may live a wicked life, or he may set out to attain the True One.

There are many who have their wishes fulfilled, yet deny it outright. They say it was a coincidence, that it was about to happen anyhow. Many others don't even say that much; they coolly forget that they had asked for what was given.

There are many who are suffering from their hunger; yet do not take to remembrance. Our woes are the fruits of desires and our hells arise from our longings, but we never connect the two.

Guru Nanak says there is no other way to end the suffering except to accept the True One's will.

Everyone is not forgetful or unthankful and say True One alone knows himself, alone gives.

The True One blessed the man to sing his praises. The fact is that a man set out to seek True One only when he knocked at his door. How can a man set out on this tremendous quest all by himself? How can he arrive at the idea of the quest, how can he acquire his remembrance, how can True One's praise be born within, if he does not will it?

Guru Nanak says it is True One alone who awakens the thirst for him.

Men can only sing True One's praise if he wills us to do so. A man cannot even raise his eyes towards the True One unless he gives support to his vision. A man's feet can never walk along True One's path unless he directs them. A man cannot think, dream, or ponder over True One, unless he has blessed us.

Guru Nanak here plucks out all roots of the ego. Where ego is not, there True One's doors open to us.

True One's attributes are priceless, his worth is invaluable. He is priceless, everything of him is priceless. There is no way to evaluate, no scale by which to weigh him, nor yardstick to measure him. There is no way in which a man can surmise how much he is, what he is, how far he extends. Whoever sets out to measure him finds that not only do all yardsticks fall short and break, but the mind that has set out to measure also breaks.

Guru Nanak says a man cannot describe the True One to the conclusion, he cannot enumerate his attributes.

A man is considered to be nescient if he boasts of knowing the True One. Those who are describing do not know and those who know could not be able to describe it.

Guru Nanak reminds us not to indulge in boasting of knowing him or being able to describe his attributes, for that can only prove you to be the chief among nescient. If by constantly singing the True One's praises a man's ego is lost, he shall be the wise among the wise. If, however, talking of True One is strengthening a man's ego, if he thinks: Who else but I could know all about? Then he is still the most unenlightened man.